# ਸੰਤ ਬਾਬਾ ਅਮੀਰ ਸਿੰਘ ਜੀ ਮੁਖੀ ਜਵੱਦੀ ਟਕਸਾਲ

ਜਵੱਦੀ ਟਕਸਾਲ ਦੇ ਬਾਨੀ ਸੱਚਖੰਡ ਵਾਸੀ ਸੰਤ ਬਾਬਾ ਸੁਚਾ ਸਿੰਘ ਜੀ ਤੋਂ ਵਰੋਸਾਏ ਸੰਤ ਬਾਬਾ ਅਮੀਰ ਸਿੰਘ ਜੀ ਦਾ ਜਨਮ ਬਹੁਤ ਹੀ ਸਤਿਕਾਰਯੋਗ ਪਿਤਾ ਸ੍ਰ: ਤਿਰਲੋਕ ਸਿੰਘ ਜੀ ਦੇ ਗ੍ਰਹਿ ਵਿਖੇ ਮਾਤਾ ਗੁਰਬਚਨ ਕੌਰ ਜੀ ਕੁੱਖੋਂ ਸੰਨ 1971 ਵਿੱਚ ਜਿਲਾ ਕਰਨਾਲ ਦੇ ਪਿੰਡ ਠਰਵਾ ਮਾਜ ਰਾ ਵਿਖੇ ਹੋਇਆ। ਗੁਰਮਤਿ ਮਰਯਾਦਾ ਅਤੇ ਗੁਰਸਿਖੀ ਜੀਵਨ ਦੀ ਗੁੜ੍ਹਤੀ ਆਪ ਜੀ ਨੂੰ ਪਰਿਵਾਰ ਵਿਚੋਂ ਹੀ ਮਿਲੀ। ਆਪ ਜੀ ਨੇ ਮੈਟਰਿਕ ਦੀ ਸਿਖਿਆ ਸਰਕਾਰੀ ਹਾਈ ਸਕੂਲ ਪਿੰਡ ਮੰਨਚੂਰੀ(ਹਰਿਆਣਾ) ਤੋਂ ਕਰਨ ਤੋਂ ਉਪਰੰਤ ਆਪਣਾ ਜੀਵਨ ਗੁਰਮਤਿ ਪ੍ਰਚਾਰ ਦੇ ਲੇਖੇ ਲਾਉਣ ਦਾ ਪੱਕਾ ਨਿਸ਼ਚਾ ਕਰ ਲਿਆ। ਆਪ ਜੀ ਨੇ ਸਾਹਿਬਜਾਦਾ ਜੁਝਾਰ ਸਿੰਘ ਗੁਰਮਤਿ ਕਾਲਜ ਤੋਂ ਗੁਰਮਤਿ ਦੀ ਵਿਦਿਆ ਪ੍ਰਾਪਤ ਕਰਨੀ ਆਰੰਭ ਕਰ ਦਿੱਤੀ। । ਇਸ ਦੌਰਾਨ ਆਪ ਜੀ ਦਾ ਮੇਲ ਸੰਤ ਬਾਬਾ ਸੁਚਾ ਸਿੰਘ ਜੀ ਨਾਲ ਹੋਇਆ। ਉਨ੍ਹਾਂ ਆਪ ਜੀ ਅੰਦਰ ਗੁਰਮਤਿ ਸਿਧਾਂਤ ਤੇ ਗੁਰਸਿਖੀ ਪ੍ਰਚਾਰ ਲਈ ਲਗਨ ਨੂੰ ਪਹਿਚਾਣਿਆ ਅਤੇ ਆਪ ਜੀ ਨੂੰ ਗੁਰਬਾਣੀ ਦੇ ਪੁਰਾਤਨ ਅਤੇ ਨਵੀਨਤਮ ਇਤਿਹਾਸ ਦੇ ਅਧਿਐਨ ਔ ਖੋਜ ਲਈ ਪ੍ਰੇਰਿਤ ਕੀਤਾ। ਆਪ ਜੀ ਦੀਆਂ ਬਓਬਓਸੇਵਾਵਾਂ ਅਤੇ ਕਥਾ, ਖੋਜ ਕਾਰਜਾਂ ਨੂੰ ਧਿਆਨ ਵਿੱਚ ਰੱਖਦਿਆਂ ਸੰਤ ਬਾਬਾ ਸੁਚਾ ਸਿੰਘ ਜੀ ਨੇ ਆਪ ਜੀ ਨੂੰ ਜਵੱਦੀ ਟਕਸਾਲ ਦੇ ਹੈੱਡ ਗ੍ਰੰਥੀ ਦੀ ਸੇਵਾ ਬਖਸ਼ਿਸ਼ ਕੀਤੀ ਜਿਸ ਨੂੰ ਆਪ ਜੀ ਨੇ ਬਾਬਾ ਜੀ ਦੀ ਅਗਵਾਈ ਵਿੱਚ ਨਿਰੰਤਰ ਨਿਭਾਇਆ।ਬਾਬਾ ਜੀ ਦੇ ਪੰਜ ਭੁਤਕ ਸ਼ਰੀਰ ਤਿਆਗਣ ਤੋਂ ਬਾਅਦ ਸੰਗਤ ਵੱਲੋਂ ਆਪ ਦੀ ਨੂੰ ਜਵੱਦੀ ਟਕਸਾਲ ਦੇ ਮੁਖੀ ਦੀ ਸੇਵਾ ਦਿੱਤੀ ਗਈ।

ਬਾਬਾ ਜੀ ਦੀ ਸੰਗਤ ਵਿੱਚ ਰਹਿ ਕੇ ਸੰਤ ਬਾਬਾ ਅਮੀਰ ਸਿੰਘ ਜੀ ਦੇ ਇਸ ਵਿਦਿਅਕ ਗਿਆਨ ਵਿੱਚ ਅਨੋਖਾ ਨਿਖਾਰ ਆਇਆ ਅਤੇ ਮਹਾਂਪੁਰਸ਼ਾਂ ਦੀ ਅਸੀਸ ਅਤੇ ਬਖਸ਼ਿਸ਼ ਨਾਲ ਉਨ੍ਹਾਂ ਨੂੰ ਚਰਮ ਸੀਮਾ ਤੱਕ ਪਹੁੰਚਾ ਦਿੱਤਾ।ਸੰਤ ਬਾਬਾ ਅਮੀਰ ਜੀ ਮੁਖੀ ਜਵੱਦੀ ਟਕਸਾਲ ਨੇ ਮਹਾਂਪੁਰਸ਼ਾ ਦੀਆਂ ਪੈੜਾਂ ਤੇ ਚਲਦਿਆਂ ਹੋਇਆਂ ਅੱਜ ਜਵੱਦੀ ਟਕਸਾਲ ਦੀ ਬੜੀ ਭਾਵ ਪੂਰਤ ਢੰਗ ਨਾਲ ਸੇਵਾ ਕਰ ਰਹੇ ਹਨ। ਗੁਰੂ ਕਿਰਪਾ ਸਦਕਾ ਆਪ ਜੀ ਨੇ ਨਵੀਆਂ ਇਮਾਰਤਾਂ ਦਾ ਕਰਵਾਇਆ, ਜਿਸ ਅਧੀਨ ਗੁਰ ਸ਼ਬਦ ਸੰਗੀਤ ਅਕੈਡਮੀ ਦੀ ਨਵੀਂ ਇਮਾਰਤ , ਸੰਤ ਬਾਬਾ ਸੁਚਾ ਸਿੰਘ ਜੀ ਵਿਦਿਆਰਥੀ ਹੋਸਟਲ, ਲੰਗਰ ਹਾਲ ਅਤੇ ਪਹਿਲੇ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਦੀ ਇਮਾਰਤ ਦਾ ਨਿਰਮਾਣ ਕਰਵਾਇਆ ਅਤੇ ਉਥੇ ਹੁਣ ਗੁਰਦੁਆਰਾ ਸਾਹਿਬ ਜੀ ਦੀ ਵੱਡੀ ਇਮਾਰਤ ਦਾ ਨਿਰਮਾਣ ਵੀ ਉਸਾਰੀ ਅਧੀਨ ਚੱਲ ਰਿਹਾ ਹੈ। ਇਸਦੇ ਨਾਲ -ਨਾਲ ਵਿਦਿਆਰਥੀਆਂ ਨੂੰ ਗੁਰਮਤਿ ਸੰਗੀਤ, ਗੁਰਮਤਿ ਸਿਧਾਂਤ, ਗੁਰਬਾਣੀ ਸੰਥਿਆ, ਤੰਤੀ ਸਾਜ. ਤਬਲਾ ਕਥਾ ਆਦਿ ਦੀ ਵਿਦਿਆ ਦੇਣ ਦੀਆਂ ਜੋ ਸੇਵਾਵਾਂ ਨਿਭਾ ਰਹੇ ਹਨ ਉਸਦੀ ਮਿਸਾਲ ਉਹ ਆਪ ਹਨ।

ਸੰਤ ਬਾਬਾ ਅਮੀਰ ਸਿੰਘ ਜੀ ਦੀ ਅਗਵਾਈ ਵਿੱਚ ਕੀਤੇ ਗਏ ਕਾਰਜਾਂ ਦਾ ਵਿਵਰਣ ਇਸ ਪ੍ਰਕਾਰ ਹੈ।ਸੰਤ ਬਾਬਾ ਸੁੱਚਾ ਸਿੰਘ ਜੀ ਵਲੋਂ ਆਰੰਭੇ ਕਾਰਜਾਂ ਨੂੰ ਨਿਪੜੇ ਚਾੜ੍ਹਦਿਆਂ ਆਪ ਜੀ ਨੇ ਤਨ, ਮਨ, ਧਨ ਅਤੇ ਅਣਥੱਕ ਮਿਹਨਤ ਸਦਕਾ ਇਕ ਲਾਇਕ ਸੁਪੁੱਤਰ ਹੋਣ ਦਾ ਪ੍ਰਤੱਖ ਪ੍ਰਮਾਣ ਦਿੱਤਾ ਹੈ। ਉਨ੍ਹਾਂ ਕਾਰਜਾਂ ਅਧੀਨ ਅੱਦੁਤੀ ਗੁਰਮਤਿ ਸੰਗੀਤ ਸੰਮੇਲਨਾਂ ਦੀ ਲੜੀ ਨੂੰ ਨਿਰੰਤਰ ਜਾਰੀ ਰੱਖਦਿਆਂ 2004 ਵਿੱਚ ਪੜਤਾਲਾਂ ਦਾ ਗਾਇਨ, 2005 ਵਿੱਚ ਰਾਗ ਰਹਿਤ ਬਾਣੀ ਨੂੰ ਰਾਗ ਮਾਲਾ ਦੇ ਰਾਗਾਂ ਵਿੱਚ ਗਾਇਨ, 2006 ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਸ੍ਰੀ ਗੁਰੂ ਅਰਜਨ ਦੇਵ ਜੀ ਦ ੀ ਬਾਣੀ (ਚਉਬੋਲੇ, ਗਾਥਾ, ਫੁਨਹੇ, ਸਵੱਯੇ, ਸਹਿਸਕ੍ਰਿਤੀ ਅਤੇ ਬਾਰਾਮਾਹ) ਦਾ ਰਾਗਮਾਲਾ ਦੇ ਰਾਗਾਂ ਵਿੱਚ ਗਾਇਨ, 2007 ਵਿੱਚ ਸ਼ਬਦ ਚੌਕੀ ਪ੍ਰੰਪਰਾ(ਸ਼ਾਨ, ਮੰਗਲਾਚਰਨ, ਧਰੁਪਦ -ਧਮਾਰ, ਸ਼ਬਦ ਰੀਤ, ਪਉੜੀ) ਵਿੱਚ ਗਾਇਨ, 2008, 2009 ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਨਿਰਧਾਰਿਤ ਰਾਗਾਂ ਵਿੱਚ ਕੀਰਤਨ, 2010 ਵਿੱਚ ਨਿਰਧਾਰਿਤ ਰਾਗਾਂ, ਪੜਤਾਲਾਂ ਅਤੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਦਾ ਰਾਗਮਾਲਾ ਦੇ ਰਾਗਾਂ ਵਿੱਚ ਗਾਇਨ, 2011 ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਨਿਰਧਾਰਿਤ ਰਾਗਾਂ ਵਿੱਚ ਕੀਰਤਨ ਲਈ ਵਿਸ਼ੇਸ਼ ਤੌਰ ਤੇ ਨਵਤਨ ਰਾਗੀਆਂ ਨੂੰ ਪ੍ਰੇਰਨ ਲਈ ਵਿਸ਼ੇਸ਼ ਉਪਰਾਲਾ, 2012 ਵਿੱਚ ਮਿਸ਼ਰਤ ਰਾਗਾਂ ਵਿੱਚ ਗਾਇਨ, 2013 ਵਿੱਚ ਸ਼ੁੱਧ ਰਾਗ, ਮਿ ਸ਼ਰਤ ਰਾਗ ਅਤੇ ਪੜਤਾਲਾਂ ਵਿੱਚ ਗਾਇਨ ਕਰਵਾਇਆ ਗਿਆ। 2014 ਵਿੱਚ ਤਵ ਪ੍ਰਸਾਦਿ ਸਵੱਯੇ ਅਤੇ ਭਗਤ ਰਵਿਦਾਸ ਜੀ ਦੀ ਸਮੂਚੀ ਬਾਣੀ ਦਾ ਕੀਰਤਨ

ਕਰਵਾਇਆ। ਸੰਨ 2015 ਵਿੱਚ ਭਗਤ ਨਾਮਦੇਵ ਜੀ ਦੀ ਸਮੁਚੀ ਬਾਣੀ ਦਾ ਕੀਰਤਨ ਕਰਵਾਇਆ। ਸੰਨ 2016 ਵਿੱਚ "ਅਦੁੱਤੀ ਗੁਰਮਤਿ ਸੰਗੀਤ ਸੰਮੇਲਨ" ਦੀ 25ਵੀਂ ਵਰ੍ਹੇਗੰਢ ਮਿਤੀ 23 ਨਵੰਬ ਰ ਤੋਂ 27 ਨਵੰਬਰ ਤਕ ਜਵੱਦੀ ਟਕਸਾਲ ਵਿਖੇ ਮਨਾਈ ਗਈ ਜਿਸ ਦੇ ਸਮਰਪਿਤ ਪੰਜਾਬ ਅਤੇ ਪੰਜਾਬ ਤੋਂ ਬਾਹਰ ਤਕਰੀਬਨ 50 ਰਾਗ ਦਰਬਾਰ ਅਤੇ ਹਰ ਮਹੀਨੇ ਗੁਰਮਤਿ ਸੰਗੀਤ ਵਰਕਸ਼ਾਪ ਲਗਾਈਆਂ ਗਈਆਂ।

ਇਸ ਤੋਂ ਇਲਾਵਾ ਹਰ ਸਾਲ, ਸਾਲ ਵਿੱਚ ਦੋ ਵਾਰ ਗੁਰਮਤਿ ਸੰਗੀਤ ਵਰਕਸ਼ਾਪਾਂ ਦਾ ਆਯੋਜਨ ਰਾਸ਼ਟਰੀ ਪੱਧਰ ਤੇ ਕੀਤਾ ਜਾਂਦਾ ਹੈ। ਜਿਸ ਵਿੱਚ ਤੰਤੀ ਸਾਜ਼ਾਂ, ਤਬਲਾ, ਨਿਰਧਾਰਿਤ ਅਤੇ ਰਾਗਮਾਲਾ ਦੇ ਰਾਗਾਂ ਦੀ ਸਿਖਲਾਈ ਮਹਾਨ ਉਸਤਾਦਾਂ ਅਤੇ ਯੂਨੀਵਰਸਿਟੀਆਂ ਦੇ ਗੁਰਮਤਿ ਸੰਗੀਤ ਦੇ ਪ੍ਰੋਫੈਸਰਾਂ ਦੁਆਰਾ ਗੁਰਮਤਿ ਅਨੁਸਾਰ ਦਿਤੀ ਜਾਂਦੀ ਹੈ।

ਸੱਚਖੰਡ ਵਾਸੀ ਸੰਤ ਬਾਬਾ ਸੁ ਚਾ ਸਿੰਘ ਜੀ ਵਲੋਂ ਆਰੰਭੀ ਸੈਮੀਨਾਰਾਂ ਦੀ ਲੜੀ ਨੂੰ ਨਿੰਰਤਰ ਜਾਰੀ ਰੱਖਦਿਆਂ ਸੰਤ ਬਾਬਾ ਅਮੀਰ ਸਿੰਘ ਜੀ ਵਲੋਂ ਸੰਤ ਬਾਬਾ ਸੁ ਚਾ ਸਿੰਘ ਜੀ ਦੀ ਧਰਮ ਤੇ ਸੰਸਕ੍ਰਿਤੀ ਨੂੰ ਦੇਣ, ਧਰਮ ਦੀ ਦ੍ਰਿਸ਼ਟੀ ਤੋਂ ਵਾਤਾਵਰਣ ਦੀ ਸੰਭਾਲ, ਮੌਤ ਦਾ ਸੰਕਲਪ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਗਿਆਨ ਦਾ ਸੰਕਲਪ, ਸਿੱਖ ਧਰਮ ਨੂੰ ਦਰਪੇਸ਼ ਚਣੌਤੀਆਂ, ਨਿਰਮਲ ਸੰਪ੍ਰਦਾਇ, ਉਦਾਸੀਨ ਸੰਪ੍ਰਦਾਇ ਅਤੇ ਸੇਵਾਪੰਥੀ ਸੰਪ੍ਰਦਾਇ ਦੀ ਸਿੱਖ ਸ ਾਹਿਤ ਨੂੰ ਦੇਣ , ਗੁਰਮਤਿ ਸੰਗੀਤ ਪ੍ਰਚਾਰ ਤੇ ਪ੍ਰਸਾਰ ਅਤੇ ਸੇਵਾ ਦਾ ਸੰਕਲਪ , ਕਿਰਤ ਦਾ ਸੰਕਲਪ, ਸਰਬਤ ਦਾ ਭਲਾ, ਬਾਬਾ ਬੰਦਾ ਸਿੰਘ ਜੀ ਬਹਾਦੁਰ-ਸ਼ਹਾਦਤ ਤੇ ਪ੍ਰਭਾਵ, ਗੁਰਮਤਿ ਵਿਚ ਸੰਗੀਤ ਦਾ ਸੰਕਲਪ ਸੈਮੀਨਾਰ ਕਰਵਾਏ ਗਏ। ਇਸ ਦੇ ਨਾਲ ਹੀ ਸੰਤ ਬਾਬਾ ਅਮੀਰ ਸਿੰਘ ਜੀ ਦੀ ਅਗਵਾਈ ਵਿੱਚ ਅਦਾਰਾ ਵਿਸਮਾਦ ਨਾਦ ਵਲੋਂ ਜਵੱਦੀ ਟ ਕਸਾਲ ਦੀ ਪ੍ਰਕਾਸ਼ਨਾਵਾਂ, ਪਿਛਲੇ ਸੰਮੇਲਨਾ ਦੀਆਂ Audio/MP3s/DVDs/Videos ਸੀਡੀਜ ਤਿਆਰ ਕੀਤੀਆਂ ਜਾਂਦੀਆਂ ਹਨ। ਜਵੱਦੀ ਟਕਸਾਲ ਦੀ ਪ੍ਰਕਾਸ਼ਨਾਵਾਂ ਵਿੱਚੋਂ ਅਸੀ ਕੇਵਲ ਇਥੇ ਗੁਰਮਤਿ ਸੰਗੀਤ ਪ੍ਰਕਾਸ਼ਨਾਵਾਂ ਬਾਰੇ ਸੰਖੇਪ ਜ਼ਿਕਰ ਕਰਾਂਗੇ ਜਿਸ ਵਿੱਚ ਅਤੇ ਸੰਤ ਬਾਬਾ ਅਮੀਰ ਸਿੰਘ ਜੀ ਦੀ ਨਿਪੁੰਨ ਅਗਵਾਈ ਵਿੱਚ ਦੋ ਵੈੱਬ -ਸਾਈਟ(www.vismaadnaad.org ਅਤੇ www.jawadditaksal.org ) ਅਤੇ ਇਕ ਲਾਇਬ੍ਰੇਰੀ(ਜਿਸ ਵਿੱਚ ਦੁਰਲੱਭ , ਹੱਥ -ਲਿਖਤ ਅਤੇ ਸਿੱਖ ਧਰਮ ਨਾਲ ਸੰਬੰਧਿਤ ਤਲਰੀਬਨ 5000 ਪੁਸਤਕਾਂ ਦਾ ਸੰਗ੍ਰਹਿ ਹੈ) ਦਾ ਸੰਚਾਲਨ ਹੋ ਰਿਹਾ ਹਨ। ਜਵੱਦੀ ਟਕਸਾਲ ਵਿਖੇ ਗੁਰਬਾਣੀ ਦੇ ਸ਼ੁੱਧ ਉਚਾਰਣ ਨੂੰ ਸਮਰਪਿਤ ਹਰ ਸਾਲ ਪਾਠ ਬੋਧ ਸਮਾਗਮ ਕਰਵਾਇਆ ਜਾਂਦਾ ਹੈ ਅਤੇ ਸਾਲ ਵਿੱਚ ਦੋ ਵਾਰ ਬਾਬਾ ਜੀ ਵਲੋਂ ਨਾਮ ਅਭਿਆਸ ਕੈਂਪ ਲਗਵਾਏ ਜਾਂਦੇ ਹਨ। ਜਿਸ ਵਿੱਚ ਸਿਮਰਨ ਦੀਆਂ ਯੁਕਤੀਆਂ ਅਤੇ ਪ੍ਰੇਰਨਾ ਦਿਤੀ ਜਾਂਦੀ ਹੈ।ਸਾਲ 2014 ਵਿੱਚ ਸੰਤ ਬਾਬਾ ਅਮੀਰ ਸਿੰਘ ਜੀ ਦੁਆਰਾ ਜਵੱਦੀ ਟਕਸਾਲ ਵਿਖੇ ਇਕ ਚੈਰੀਟੇਬਲ ਡਿਸ਼ਪੈਸਰੀ (ਜਿਸ ਵਿੱਚ ਐਲੋਪੈਥੀ ਅਤੇ ਹੋਮਿਓਪੈਥੀ ਰਾਗੀ ਯੋਗ ਡਾਕਟਰਾਂ ਦੁਆਰਾ ਇਲਾਜ ਕੀਤਾ ਜਾਂਦਾ ਹੈ) ਉਦਘਾਟਨ ਕੀਤਾ ਗਿਆ।

ਆਪ ਜੀ ਦੀ ਅਗਵਾਈ ਵਿੱਚ ਸ੍ਰੀ ਦਰਬਾਰ ਸਾਹਿਬ ਦੀ ਮਨਮੋਹਕ ਇਮਾਰਤ, ਲੰਗਰ ਹਾਲ ਅਤੇ ਸੰਤ ਬਾਬਾ ਸੁੱਚਾ ਸਿੰਘ ਵਿਦਿਆਰਥੀ ਹੋਸਟਲ ਦਾ ਸ਼ਾਨਦਾਰ ਨਿਰਮਾਣ ਕਰਵਾਇ ਆ ਗਿਆ। ਇਸ ਤੋਂ ਇਲਾਵਾ ਗੁਰਸ਼ਬਦ ਸੰਗੀਤ ਅਕੈਡਮੀ ਦੀ ਸੁੰਦਰ ਅਤੇ ਸਹੂਲਤਾਂ ਦੀ ਇਮਾਰਤ ਦਾ ਨਿਰਮਾਣ ਵੀ ਕੀਤਾ ਗਿਆ ਹੈ। ਇਹ ਗੁਰਮਤਿ ਸੰਗੀਤ ਦੇ ਪ੍ਰਚਾਰ ਅਤੇ ਪ੍ਰਸਾਰ ਦਾ ਹੀ ਸਿੱਟਾ ਹੈ ਕਿ 200 ਵਿਦਿਆਰਥੀ ਹੋਸਟਲ ਵਿੱਚ ਅਤੇ ਲਗਭਗ 400 ਵਿਦਿਆਰਥੀ ਰੋਜਾਨਾ ਗੁਰਮਤਿ ਸੰਗੀਤ ਦੀ ਵਿਦਿਆ ਪ੍ਰਾਪਤ ਕਰਨ ਆਉਂਦੇ ਹਨ।ਇਸ ਤਰ੍ਹਾਂ ਆਪ ਸੰਤ ਬਾਬਾ ਅਮੀਰ ਸਿੰਘ ਜੀ ਬਾਬਾ ਜੀ ਦੇ ਸੁਨੇਹੇ ਨੂੰ ਦੇਸ਼ਾਂ – ਦੇਸ਼ਾਂਤਰਾਂ ਵਿੱਚ ਪਹੰਚਾ ਰਹੇ ਹਨ।